# ਆਪਣੇ ਕੋਰੋਨਾਵਾਇਰਸ (ਕੋਵਿਡ-19) ਟੀਕੇ ਲਈ ਅਪੌਇੰਟਮੈਂਟਾਂ ਹੁਣੇ ਹੀ ਬੁੱਕ ਕਰੋ

ਹੋ ਸਕਦਾ ਹੈ ਕਿ ਤੁਹਾਨੂੰ ਹੁਣ ਇਸ ਬਾਰੇ ਦੱਸਣ ਲਈ ਇੱਕ ਚਿੱਠੀ ਮਿਲ ਗਈ ਹੋਵੇ ਕਿ ਤੁਸੀਂ ਆਪਣੇ ਮੁਫ਼ਤ ਐੱਨ.ਐੱਚ.ਐੱਸ. (NHS) ਕੋਰੋਨੋਵਾਇਰਸ ਟੀਕਾਕਰਨ ਲਈ ਯੋਗਤਾ ਪੂਰੀ ਕਰਦੇ ਹੋ।

ਚਿੱਠੀ ਇਸ ਬਾਰੇ ਵੇਰਵੇ ਮੁਹੱਈਆ ਕਰਦੀ ਹੈ ਕਿ ਤੁਸੀਂ ਕਿਵੇਂ ਅਤੇ ਕਦੋਂ ਆਪਣੀਆਂ ਵੈਕਸੀਨ ਅਪੌਇੰਟਮੈਂਟਾਂ ਬੁੱਕ ਕਰ ਸਕਦੇ ਹੋ।

ਅਸੀਂ ਹੇਠਾਂ ਉਨ੍ਹਾਂ ਵਿਅਕਤੀਆਂ ਦੇ ਸਮੂਹਾਂ ਲਈ ਜਾਣਕਾਰੀ ਸੂਚੀਬੱਧ ਕੀਤੀ ਹੈ ਜਿਨ੍ਹਾਂ ਦੀ ਪਹਿਚਾਣ ਇਸ ਸਮੇਂ ਟੀਕਾਕਰਨ ਕਰਵਾਉਣ ਵਾਸਤੇ ਯੋਗ ਹੋਣ ਵੱਜੋਂ ਕੀਤੀ ਗਈ ਹੈ।

ਤੁਹਾਡੀ ਟੀਕਾਕਰਨ ਅਪੌਇੰਟਮੈਂਟ ਲਈ ਬੁਕਿੰਗ ਕਰਨ ਵਾਸਤੇ ਵੱਖ-ਵੱਖ ਤਰੀਕੇ ਹਨ ਜੋ ਇਸ ਗੱਲ 'ਤੇ ਨਿਰਭਰ ਕਰਦੇ ਹਨ ਕਿ ਤੁਸੀਂ ਕਿਸ ਸਮੂਹ ਵਿੱਚ ਆਉਂਦੇ ਹੋ। ਜਿਹੜਾ ਭਾਗ ਤੁਹਾਡੇ ਉੱਤੇ ਲਾਗੂ ਹੁੰਦਾ ਹੈ ਕਿਰਪਾ ਕਰਕੇ ਉਸ ਦੀ ਸੇਧ ਦੀ ਪਾਲਣਾ ਕਰੋ।

## 65 ਸਾਲ ਅਤੇ ਇਸ ਤੋਂ ਵੱਧ ਉਮਰ ਵਾਲੇ ਵਸਨੀਕ

### ਬੁਕਿੰਗ ਕਿਵੇਂ ਕਰਨੀ ਹੈ

ਅਪੌਇੰਟਮੈਂਟ ਕਰਨ ਲਈ ਸਭ ਤੋਂ ਤੇਜ਼ ਤਰੀਕਾ ਇੱਥੇ ਆਨਲਾਈਨ ਰਾਹੀਂ ਹੁੰਦਾ ਹੈ https://www.swiftqueue.co.uk/nottinghamc19vpatient.php. ਬਦਲ ਦੇ ਤੌਰ 'ਤੇ ਤੁਸੀਂ ਸੋਮਵਾਰ ਤੋਂ ਐਤਵਾਰ ਤੱਕ 09:00-18:00 ਦਰਮਿਆਨ 0115 883 4640 'ਤੇ ਬੁਕਿੰਗ ਲਾਈਨ ਨੂੰ ਸੰਪਰਕ ਕਰ ਸਕਦੇ ਹੋ।

ਜੇ ਤੁਹਾਨੂੰ ਆਨਲਾਈਨ ਬੁਕਿੰਗ ਕਰਨ ਲਈ ਮਦਦ ਦੀ ਲੋੜ ਹੈ ਤਾਂ ਕਿਰਪਾ ਕਰਕੇ ਕਿਸੇ ਹੋਰ ਨੂੰ, ਮਿਸਾਲ ਲਈ ਇੱਕ ਰਿਸ਼ਤੇਦਾਰ ਨੂੰ, ਇਹ ਚਿੱਠੀ ਦਿਖਾਓ ਜੋ ਇਸ ਲਈ ਤੁਹਾਡੀ ਸਹਾਇਤਾ ਕਰ ਸਕੇਗਾ।

ਟੀਕਾਕਰਨ ਅਪੌਇੰਟਮੈਂਟਾਂ ਸੀਮਤ ਹਨ। ਜੇ ਤੁਸੀਂ ਆਪਣੀ ਪਹਿਲੀ ਕੋਸ਼ਿਸ਼ 'ਤੇ ਅਪੌਇੰਟਮੈਂਟ ਬੁੱਕ ਨਹੀਂ ਕਰ ਸਕਦੇ, ਤਾਂ ਕਿਰਪਾ ਕਰਕੇ ਉਪਰੋਕਤ ਬੁਕਿੰਗ ਲਿੰਕ ਤੱਕ ਪਹੁੰਚ ਕਰਨ ਲਈ ਕੋਸ਼ਿਸ਼ ਕਰਦੇ ਰਹੋ।

## ਘਰ ਅੰਦਰ ਸੀਮਤ ਰਹਿਣ ਵਾਲੇ ਵਸਨੀਕ

### ਬੁਕਿੰਗ ਕਿਵੇਂ ਕਰਨੀ ਹੈ

ਜੇ ਸਾਡੇ ਜੀਪੀ ਦੇ ਰਿਕਾਰਡਾਂ ਰਾਹੀਂ ਤੁਹਾਨੂੰ ਘਰ ਅੰਦਰ ਸੀਮਤ ਰਹਿਣ ਵਾਲੇ ਸਮਝਿਆ ਜਾਂਦਾ ਹੈ, ਤਾਂ ਤੁਸੀਂ ਇੱਕ ਚਿੱਠੀ ਪ੍ਰਾਪਤ ਕੀਤੀ ਹੋਵੇਗੀ ਜੋ ਤੁਹਾਨੂੰ ਇਹ ਦੱਸਦੀ ਹੈ ਕਿ ਤੁਸੀਂ ਕੋਵਿਡ-19 ਟੀਕਾਕਰਨ ਲਈ ਯੋਗਤਾ ਪੂਰੀ ਕਰਦੇ ਹੋ।

'ਰੋਵਿੰਗ ਟੀਮ' ਜਾਂ ਤੁਹਾਡਾ ਜੀਪੀ ਤੁਹਾਡੇ ਰਿਹਾਇਸ਼ੀ ਅਸਥਾਨ ਵਿੱਚ ਤੁਹਾਡੀ ਅਪੌਇੰਟਮੈਂਟ ਦਾ ਇੰਤਜਾਮ ਕਰਨ ਲਈ ਤੁਹਾਡੇ ਨਾਲ ਸੰਪਰਕ ਕਰੇਗਾ।

ਜੇ ਤੁਸੀਂ ਟੀਕਾਕਰਨ ਵਾਲੀ ਜਗ੍ਹਾ 'ਤੇ ਜਾ ਸਕਦੇ ਹੋ, ਤਾਂ ਸਾਡੀ ਵਿਸ਼ੇਸ਼ ਟਰਾਂਸਪੋਰਟ ਹੱਬ ਤੁਹਾਨੂੰ ਟੀਕਾਕਰਨ ਵਾਲੀ ਥਾਂ 'ਤੇ ਲੈ ਕੇ ਜਾਣ ਅਤੇ ਉੱਥੋਂ ਲਿਆਉਣ ਲਈ ਸਹਾਇਤਾ ਅਤੇ ਟਰਾਂਸਪੋਰਟ ਮੁਹੱਈਆ ਕਰਵਾ ਸਕਦੀ ਹੈ। ਇਹ ਸੇਵਾ ਹੁਣ ਉਪਲਬਧ ਹੈ।

ਜੇ ਤੁਸੀਂ ਘਰ ਤੱਕ ਹੀ ਸੀਮਤ ਹੋ ਅਤੇ ਇੱਕ ਚਿੱਠੀ ਨਹੀਂ ਮਿਲੀ ਹੈ, ਤਾਂ ਕਿਰਪਾ ਕਰਕੇ ਬੁਕਿੰਗ ਲਾਈਨ ਨੂੰ 0115 883 4640 'ਤੇ ਫ਼ੋਨ ਕਰੋ।

## ਕਲਿਨਿਕਲ ਤੌਰ 'ਤੇ ਬੇਹਦ ਕਮਜ਼ੋਰ ਵਸਨੀਕ

### ਬੁਕਿੰਗ ਕਿਵੇਂ ਕਰਨੀ ਹੈ

ਅਪੌਇੰਟਮੈਂਟ ਕਰਨ ਲਈ ਸਭ ਤੋਂ ਤੇਜ਼ ਤਰੀਕਾ ਆਨਲਾਈਨ ਰਾਹੀਂ ਹੁੰਦਾ ਹੈ https://www.swiftqueue.co.uk/nottinghamc19vpatient.php.

ਬਦਲ ਦੇ ਤੌਰ 'ਤੇ ਤੁਸੀਂ ਸੋਮਵਾਰ ਤੋਂ ਐਤਵਾਰ ਤੱਕ 09:00-18:00 ਦਰਮਿਆਨ 0115 883 4640 'ਤੇ ਬੁਕਿੰਗ ਲਾਈਨ ਨੂੰ ਸੰਪਰਕ ਕਰ ਸਕਦੇ ਹੋ।

Punjabi

ਜੇ ਤੁਹਾਨੂੰ ਆਨਲਾਈਨ ਬੁਕਿੰਗ ਕਰਨ ਲਈ ਮਦਦ ਦੀ ਲੋੜ ਹੈ ਤਾਂ ਕਿਰਪਾ ਕਰਕੇ ਕਿਸੇ ਹੋਰ ਨੂੰ, ਮਿਸਾਲ ਲਈ ਇੱਕ ਰਿਸ਼ਤੇਦਾਰ ਨੂੰ, ਇਹ ਚਿੱਠੀ ਦਿਖਾਓ ਜੋ ਇਸ ਲਈ ਤੁਹਾਡੀ ਸਹਾਇਤਾ ਕਰ ਸਕੇਗਾ।

ਸਾਡੀਆਂ ਸਾਰੀਆਂ ਸਾਈਟਾਂ ਕੋਵਿਡ-19 ਲਈ ਸੁਰੱਖਿਅਤ ਵਿਹਾਰ ਅਨੁਸਾਰ ਕੰਮ ਕਰਦੀਆਂ ਹਨ।

ਤੁਹਾਨੂੰ ਸਬੂਤ ਵੱਜੋਂ ਆਪਣੀ ਅਪੌਇੰਟਮੈਂਟ 'ਤੇ ਆਪਣੇ ਸੱਦੇ ਵਾਲੀ ਚਿੱਠੀ ਜਾਂ ਆਪਣੀ ਸ਼ੀਲਡਿੰਗ ਵਾਲੀ ਚਿੱਠੀ ਨਾਲ ਲਿਆਉਣ ਦੀ ਲੋੜ ਹੋਵੇਗੀ ਕਿ ਤੁਸੀਂ ਟੀਕਾਕਰਨ ਲਈ ਯੋਗਤਾ ਪੂਰੀ ਕਰਦੇ ਹੋ।

ਤੁਸੀਂ ਨੈਸ਼ਨਲ ਬੁਕਿੰਗ ਸਰਵਿਸ ਜਾਂ ਆਪਣੀ ਜੀਪੀ ਪ੍ਰੈਕਟਿਸ ਰਾਹੀਂ ਵੀ ਬੁਕਿੰਗ ਲਈ ਇੱਕ ਸੱਦਾ ਪ੍ਰਾਪਤ ਕਰ ਸਕਦੇ ਹੋ। ਜੇ ਤੁਸੀਂ ਬੁੱਕ ਕਰਨ ਲਈ ਕਿਸੇ ਹੋਰ ਸੱਦੇ ਰਾਹੀਂ ਆਪਣੀ ਅਪੌਇੰਟਮੈਂਟ ਬੁੱਕ ਕੀਤੀ ਹੈ, ਤਾਂ ਤੁਹਾਨੂੰ ਦੁਬਾਰਾ ਬੁਕਿੰਗ ਕਰਨ ਦੀ ਲੋੜ ਨਹੀਂ ਹੁੰਦੀ।

## <u>ਕੋਰੋਨਾਵਾਇਰਸ ਟੀਕੇ (ਵੈਕਸੀਨ) ਬਾਰੇ</u>

ਕੋਰੋਨਾਵਾਇਰਸ ਦਾ ਟੀਕਾ ਤੁਹਾਡੇ ਲਈ ਮੁਫ਼ਤ ਹੈ। ਤੁਹਾਡਾ ਟੀਕਾਕਰਨ ਕਰਵਾਉਣ ਲਈ ਅਸੀਂ ਕਦੇ ਵੀ ਕਿਸੇ ਵਿਅਕਤੀ ਨੂੰ ਭੁਗਤਾਨ ਕਰਨ ਲਈ ਨਹੀਂ ਕਹਾਂਗੇ।

ਤੁਹਾਨੂੰ ਵਾਇਰਸ ਤੋਂ ਬਿਹਤਰੀਨ ਸੁਰੱਖਿਆ ਪ੍ਰਾਪਤ ਕਰਨ ਲਈ ਟੀਕੇ ਦੀਆਂ ਦੋ ਖੁਰਾਕਾਂ ਦੀ ਲੋੜ ਹੋਵੇਗੀ। ਜਦੋਂ ਤੁਸੀਂ ਆਪਣੀ ਪਹਿਲੀ ਅਪੌਇੰਟਮੈਂਟ ਬੁੱਕ ਕਰਦੇ ਹੋ, ਤਾਂ ਤੁਹਾਨੂੰ ਤੁਹਾਡੀ ਦੂਜੀ ਖੁਰਾਕ ਲਈ ਅਪੌਇੰਟਮੈਂਟ ਦਿੱਤੀ ਜਾਵੇਗੀ।

ਕੁਝ ਵਿਅਕਤੀ ਹਾਲ ਦੀ ਘੜੀ ਇਹ ਟੀਕਾ ਨਹੀਂ ਲਗਵਾ ਸਕਣਗੇ। ਜੇ ਅਤੀਤ ਵਿੱਚ ਤੁਹਾਨੂੰ ਅਲਰਜੀ ਦੀਆਂ ਮਾੜੀਆਂ ਪ੍ਰਤੀਕਿਰਿਆਵਾਂ ਹੋਈਆਂ ਸਨ, ਤਾਂ ਇਹ ਮਹੱਤਵਪੂਰਨ ਹੁੰਦਾ ਹੈ ਕਿ ਤੁਸੀਂ ਸਾਰੀ ਸੇਧ ਨੂੰ ਪੜ੍ਹੋ। ਅਗਲੇਰੀ ਜਾਣਕਾਰੀ ਲਈ ਕਿਰਪਾ ਕਰਕੇ www.nhs.uk/covid-vaccination 'ਤੇ ਜਾਓ।

## <u>ਆਪਣੀ ਬੁੱਕ ਕੀਤੀ ਅਪੌਇੰਟਮੈਂਟ ਲਈ ਜਾਣਾ</u>

ਜੇ ਤੁਹਾਡੇ ਕੋਲ ਟੀਕਾਕਰਨ ਵਾਲੀ ਥਾਂ 'ਤੇ ਜਾਣ ਲਈ ਕੋਈ ਜ਼ਰੀਆ ਨਹੀਂ ਹੁੰਦਾ, ਤਾਂ ਕਿਰਪਾ ਕਰਕੇ ਸਾਨੂੰ 0115 883 4640 'ਤੇ ਫ਼ੋਨ ਕਰੋ ਅਤੇ ਅਸੀਂ ਤੁਹਾਡੇ ਲਈ ਇਸ ਦਾ ਇੰਤਜਾਮ ਕਰ ਸਕਦੇ ਹਾਂ।

ਜਦੋਂ ਤੁਸੀਂ ਆਪਣੀ ਅਪੌਇੰਟਮੈਂਟ ਬੁੱਕ ਕਰ ਲਈ ਹੁੰਦੀ ਹੈ ਤਾਂ ਤੁਹਾਨੂੰ **ਲਾਜ਼ਮੀ ਤੌਰ 'ਤੇ 10 ਮਿੰਟ ਪਹਿਲਾਂ ਤੋਂ ਜ਼ਿਆਦਾ ਸਮੇਂ ਪਹਿਲਾਂ ਨਹੀਂ ਆਉਣਾ ਚਾਹੀਦਾ** ਕਿਉਂਕਿ ਉਡੀਕ ਲਈ ਅੰਦਰ ਸੀਮਤ ਜਗ੍ਹਾ ਹੁੰਦੀ ਹੈ।

ਜੇ ਤੁਹਾਨੂੰ ਆਪਣੇ ਟੀਕਾਕਰਨ ਦੀ ਅਪੌਇੰਟਮੈਂਟ ਲਈ ਆਪਣੀ ਸਹਾਇਤਾ ਵਾਸਤੇ ਕਿਸੇ ਨੂੰ ਨਾਲ ਲਿਆਉਣ ਦੀ ਲੋੜ ਪੈਂਦੀ ਹੈ, ਤਾਂ ਕਿਰਪਾ ਕਰਕੇ ਸਿਰਫ ਇੱਕ ਵਿਅਕਤੀ ਨਾਲ ਲਿਆਓ। ਵੱਡੇ ਬੈਗ ਜਾਂ ਨਿੱਜੀ ਚੀਜ਼ਾਂ ਨਾਲ ਲਿਆਉਣ ਤੋਂ ਬਚਾਅ ਕਰੋ।

ਤੁਸੀਂ ਨੈਸ਼ਨਲ ਬੁਕਿੰਗ ਸਰਵਿਸ ਦੁਆਰਾ ਵੀ ਬੁੱਕ ਕੀਤੇ ਜਾਣ ਲਈ ਸੱਦਾ ਪ੍ਰਾਪਤ ਕਰ ਸਕਦੇ ਹੋ। ਜੇ ਤੁਸੀਂ ਆਪਣੀ ਅਪੌਇੰਟਮੈਂਟ ਉੱਪਰ ਦਿੱਤੇ ਲਿੰਕ ਜਾਂ ਨੰਬਰ ਰਾਹੀਂ ਬੁੱਕ ਕੀਤੀ ਹੈ, ਤਾਂ ਤੁਹਾਨੂੰ ਦੁਬਾਰਾ ਬੁਕਿੰਗ ਕਰਨ ਦੀ ਲੋੜ ਨਹੀਂ ਹੁੰਦੀ।

ਤੁਹਾਡਾ ਹਿਤੂ,<br>ਨੌਟਿੰਘਮਸ਼ਾਇਰ ਕੋਵਿਡ-19 ਟੀਕਾਕਰਨ ਪ੍ਰੋਗਰਾਮ

ਕੋਵਿਡ-19 ਟੀਕਾਕਰਨ ਪ੍ਰੋਗਰਾਮ ਬਾਰੇ ਆਮ ਪੁੱਛ-ਗਿੱਛ ਲਈ, ਕਿਰਪਾ ਕਰਕੇ enquiries@nottscc.gov.uk 'ਤੇ ਈਮੇਲ ਕਰੋ ਜਾਂ 0300 500 80 80 'ਤੇ ਫ਼ੋਨ ਕਰੋ।

ਇਸ ਜਾਣਕਾਰੀ ਦਾ ਵੱਖ-ਵੱਖ ਭਾਸ਼ਾਵਾਂ ਅਤੇ ਫਾਰਮੇਟਾਂ ਵਿੱਚ ਅਨੁਵਾਦ ਕੀਤਾ ਗਿਆ ਹੈ। ਅਨੁਵਾਦਤ ਸੰਸਕਰਨਾਂ ਦੀ ਕਾਪੀ ਲੈਣ ਲਈ ਕਿਰਪਾ ਕਰਕੇ ਇੱਥੇ ਜਾਓ: https://nottsccg.nhs.uk/covid-19/covid-19-vaccination-in-nottingham-and-nottinghamshire । ਅਸੀਂ ਜਾਣਕਾਰੀ ਨੂੰ ਪ੍ਰਿੰਟ ਕੀਤੇ ਜਾਣ ਅਤੇ ਤੁਹਾਨੂੰ ਭੇਜੇ ਜਾਣ ਦਾ ਵੀ ਇੰਤਜਾਮ ਕਰ ਸਕਦੇ ਹਾਂ।

ਤੁਸੀਂ ਜਿਹੜੀ ਭਾਸ਼ਾ ਬੋਲਦੇ ਜਾਂ ਪੜ੍ਹਦੇ ਹੋ ਜੇ ਉਹ ਉਪਲਬਧ ਨਹੀਂ ਹੁੰਦੀ ਤਾਂ ਫੇਰ ਕਿਰਪਾ ਕਰਕੇ ਸਾਨੂੰ nnccg.team.engagement@nhs.net 'ਤੇ ਈਮੇਲ ਕਰਕੇ ਜਾਂ 07385 360071 'ਤੇ ਫ਼ੋਨ ਜਾਂ ਟੈਕਸਟ ਕਰਕੇ ਸਾਡੇ ਨਾਲ ਸੰਪਰਕ ਕਰੋ। ਜੇ ਲਿਖਤੀ ਸੰਦੇਸ਼ ਭੇਜ ਰਹੇ ਹੋ ਜਾਂ ਇੱਕ ਸੁਨੇਹਾ ਛੱਡ ਰਹੇ ਹੋ ਤਾਂ ਕਿਰਪਾ ਕਰਕੇ ਆਪਣੇ ਸੰਪਰਕ ਵੇਰਵੇ ਮੁਹੱਈਆ ਕਰੋ ਅਤੇ ਟੀਮ

Punjabi

ਦਾ ਇੱਕ ਮੈਂਬਰ ਤੁਹਾਡੇ ਨਾਲ ਮੁੜ ਸੰਪਰਕ ਕਰੇਗਾ। ਕਿਰਪਾ ਕਰਕੇ ਧਿਆਨ ਦਿਓ ਕਿ ਇਹ ਮੋਬਾਇਲ ਨੰਬਰ ਸਿਰਫ ਹੋਰਨਾਂ ਭਾਸ਼ਾਵਾਂ ਜਾਂ ਫਾਰਮੇਟਾਂ ਵਿੱਚ ਜਾਣਕਾਰੀ ਦੀ ਬੇਨਤੀ ਕਰਨ ਲਈ ਹੈ।